ਤੁਰੰਤ ਰਿਲੀਜ ਲਈ

# ਵਾਧੇ ਅਤੇ ਵਿਕਾਸ ਬਾਰੇ ਸੂਬਾਈ ਲੀਡਰਾਂ ਨਾਲ ਬ੍ਰੈਂਪਟਨ ਦੀਆਂ ਮੀਟਿੰਗਾਂ

ਬ੍ਰੈਂਪਟਨ, ਓਨਟੈਰੀਓ (14 ਅਗਸਤ, 2019) – ਸਿਟੀ ਆਫ ਬ੍ਰੈਂਪਟਨ ਦਾ ਪ੍ਰਤੀਨਿਧੀ ਮੰਡਲ, ਟ੍ਰਾਂਜ਼ਿਟ, ਸਿਹਤ ਦੇਖਭਾਲ, ਭਾਈਚਾਰਕ ਸੁਰੱਖਿਆ, ਵਾਤਾਵਰਣ ਅਤੇ ਰਿਹਾਇਸ਼ ਦੇ ਖੇਤਰਾਂ ਵਿੱਚ ਵਾਧੇ ਸਬੰਧੀ ਮੁੱਖ ਤਰਜੀਹਾਂ (key growth priorities) ਬਾਰੇ ਚਰਚਾ ਕਰਨ ਲਈ, ਓਟਾਵਾ ਵਿੱਚ ਸੂਬਾਈ ਮਿਨਿਸਟਰੀ ਦੇ ਲੀਡਰਾਂ ਨੂੰ ਮਿਲਣ ਲਈ ਤਿਆਰ ਹੈ। ਮੇਅਰ ਪੈਟਰਿਕ ਬ੍ਰਾਊਨ ਦੀ ਅਗਵਾਈ ਵਿੱਚ ਸਿਟੀ ਦੇ ਅਫ਼ਸਰ, ਫੰਡਿੰਗ ਅਤੇ ਵਧੇ ਹੋਏ ਸਹਿਯੋਗ ਦਾ ਸਮਰਥਨ ਕਰਨ ਲਈ 18-21 ਅਗਸਤ ਦੇ ਦੌਰਾਨ ਐਸੋਸੀਏਸ਼ਨ ਆਫ ਮਿਊਨਿਸਿਪਲਟੀਜ ਆਫ ਓਨਟੈਰੀਓ (ਏ.ਐਮ.ਓ.) (Association of Municipalities of Ontario) (AMO) ਦੀ ਸਾਲਾਨਾ ਕਾਨਫਰੰਸ ਵਿੱਚ ਸ਼ਾਮਲ ਹੋਣਗੇ।

ਮੀਟਿੰਗਾਂ ਮਿਨਿਸਟਰਸ ਆਫ ਇੰਫਰਾਸਟ੍ਰਕਚਰ (Ministers of Infrastructure), ਮਿਊਨਿਸਿਪਲ ਅਫੇਅਰਸ ਐਂਡ ਹਾਊਸਿੰਗ (Municipal Affairs & Housing), ਟ੍ਰਾਂਸਪੋਰਟੇਸ਼ਨ (Transportation) ਅਤੇ ਹੋਰ ਮੰਤਰਾਲਿਆਂ ਦੇ ਅਫ਼ਸਰਾਂ ਦੇ ਨਾਲ-ਨਾਲ ਐਨ.ਡੀ.ਪੀ. (NDP), ਲਿਬਰਲ (Liberal) ਅਤੇ ਗ੍ਰੀਨ (Green) ਪਾਰਟੀਆਂ ਦੇ ਪਾਰਟੀ ਲੀਡਰਾਂ ਦੇ ਨਾਲ ਮੀਟਿੰਗਾਂ ਦੀ ਪੁਸ਼ਟੀ ਕੀਤੀ ਗਈ ਹੈ।

ਸਿਟੀ ਵੱਲੋਂ ਮੁੱਖ ਮੰਗਾਂ ਵਿੱਚ ਸ਼ਾਮਲ ਹਨ:

- ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਵਿੱਚ ਉਚਿਤ ਫੰਡਿੰਗ ਵੰਡ, ਅਤੇ ਮੇਨ ਸਟ੍ਰੀਟ (Main Street) ਤੇ ਲਾਈਟ ਰੇਲ ਟ੍ਰਾਂਜ਼ਿਟ (Light Rail Transit) ਲਈ $1.7 ਬਿਲੀਅਨ
- ਦੋ ਪਾਸੇ ਦੀ, ਪੂਰੇ ਦਿਨ ਦੀ ਗੋ (GO) ਸੇਵਾ ਨੂੰ ਸਹਿਯੋਗ ਕਰਨ ਲਈ ਪ੍ਰੋਜੈਕਟਾਂ ਨੂੰ ਛੇਤੀ ਖ਼ਤਮ ਕਰਨਾ
- ਬ੍ਰੈਂਪਟਨ ਵਿੱਚ ਸਿਹਤ ਦੇਖਭਾਲ, ਅਤੇ ਸਿਹਤ ਦੇਖਭਾਲ ਸਬੰਧੀ ਮੁੱਖ ਪ੍ਰੋਜੈਕਟਾਂ ਲਈ ਉਚਿਤ ਫੰਡਿੰਗ
- ਜਨਤਕ ਥਾਂ ਵਿੱਚ ਮੈਟਰੋਲਿੰਕਸ (Metrolinx) ਦੀ ਮਾਲਕੀ ਵਾਲੀ ਪ੍ਰਾਪਰਟੀ ਵਿੱਚ ਪਰਿਵਰਤਨ ਕਰਨ ਦੀਆਂ ਯੋਜਨਾਵਾਂ ਦਾ ਸਮਰਥਨ
- ਭਾਈਚਾਰਕ ਸੁਰੱਖਿਆ ਦੇ ਸਮੁੱਚੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਨ ਲਈ ਸਾਂਝੇ ਕੀਤੇ ਜਾਣ ਵਾਲੇ ਟੂਲਸ ਅਤੇ ਜਾਣਕਾਰੀ
- ਡਾਊਨਟਾਊਨ ਹੜ੍ਹ ਦੀ ਤੀਬਰਤਾ ਨੂੰ ਘੱਟ ਕਰਨ ਅਤੇ ਰਿਵਰਵਾਕ (Riverwalk) ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਫੰਡਿੰਗ
- ਜਲਵਾਯੂ ਪਰਿਵਰਤਨ ਦੀ ਤੀਬਰਤਾ ਨੂੰ ਘੱਟ ਕਰਨ ਅਤੇ ਅਨੁਕੂਲਣ ਵਿੱਚ ਸਹਿਯੋਗ ਲਈ ਪ੍ਰੋਜੈਕਟਾਂ ਅਤੇ ਪਹਿਲਕਦਮੀਆਂ ਲਈ ਫੰਡਿੰਗ ਅਤੇ ਰੈਗੂਲੇਟਰੀ ਸਹਿਯੋਗ
- ਬਿਲ 108 (Bill 108) ਵਿੱਚ ਦਿੱਤੇ ਗਏ ਨਵੇਂ ਵਿਨਿਯਮਾਂ ਵਿੱਚ ਤਬਦੀਲੀਆਂ, ਜੋ ਪਾਰਕਾਂ, ਭਾਈਚਾਰਕ ਕੇਂਦਰਾਂ ਅਤੇ ਲਾਇਬ੍ਰੇਰੀਆਂ ਜਿਹੀਆਂ ਸਹੂਲਤਾਂ ਲਈ ਵਿਕਾਸ ਸਬੰਧੀ ਮਾਲੀਆ ਆਮਦਨ ਇਕੱਤਰ ਕਰਨ ਦੀ ਸਿਟੀ ਦੀ ਸਮਰੱਥਾ ਤੇ ਖਾਸ ਅਸਰ ਪਾਉਂਦੇ ਹਨ
- ਰੀਜਨ ਆਫ ਪੀਲ ਕਾਉਂਸਿਲ (Region of Peel Council) ਵਿੱਚ ਬ੍ਰੈਂਪਟਨ ਲਈ ਉਚਿਤ ਪੇਸ਼ਕਾਰੀ ਦੇ ਪੱਖ ਵਿੱਚ ਖੇਤਰੀ ਗਵਰਨੈਂਸ ਵਿੱਚ ਪਹਿਲਾਂ ਤੋਂ ਤਬਦੀਲੀ

ਬ੍ਰੈਂਪਟਨ ਦੀਆਂ ਵਾਧੇ ਸਬੰਧੀ ਤਰਜੀਹਾਂ ਬਾਰੇ ਹੋਰ ਜਾਣਕਾਰੀ ਲਈ, ਸਿਟੀ ਦੀ ਵੈਬਸਾਈਟ (City's website) ਤੇ ਜਾਓ।

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਹਵਾਲਾ**

"ਸਾਨੂੰ ਬ੍ਰੈਂਪਟਨ ਦੀਆਂ ਤਰਜੀਹਾਂ ਅਤੇ ਵਿਜ਼ਨ ਦੇ ਪ੍ਰਤੀ ਕੰਮ ਕਰਨ ਲਈ ਸੂਬੇ ਦੇ ਸਹਿਯੋਗ ਅਤੇ ਸਾਂਝੇਦਾਰੀ ਦੀ ਲੋੜ ਹੈ। ਅਸੀਂ ਸਬੰਧਾਂ ਨੂੰ ਮਜ਼ਬੂਤ ਕਰਨ, ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਨ ਅਤੇ ਵਧੇ ਹੋਏ ਟ੍ਰਾਂਜ਼ਿਟ, ਭਾਈਚਾਰਕ ਸੁਰੱਖਿਆ, ਨਵੀਨਤਾ ਅਤੇ ਵਾਤਾਵਰਣ-ਪ੍ਰੇਰਿਤ ਪਹਿਲਕਦਮੀਆਂ ਲਈ ਮੁੱਖ ਤਰਜੀਹਾਂ ਨੂੰ ਅੱਗੇ ਵਧਾਉਣ ਦੀ ਆਸ ਕਰਦੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca